# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 10 ਅਕਤੂਬਰ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗ਼ਜ਼ਲ ਮੰਚ ਸਰੀ ਵੱਲੋਂ ਆਪਣੀ ਸਾਲਾਨਾ 'ਸ਼ਾਇਰਾਨਾ ਸ਼ਾਮ – 2025' 12 ਅਕਤੂਬਰ ਨੂੰ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ

ਸਰੀ, 10 ਅਕਤੂਬਰ : ਗ਼ਜ਼ਲ ਮੰਚ ਸਰੀ ਵੱਲੋਂ ਖੂਬਸੂਰਤ ਸ਼ਾਇਰੀ ਨਾਲ ਸਜੀ ਆਪਣੀ ਸਾਲਾਨਾ 'ਸ਼ਾਇਰਾਨਾ ਸ਼ਾਮ-2025' 12 ਅਕਤੂਬਰ 2025 (ਐਤਵਾਰ) ਨੂੰ ਸਰੀ ਆਰਟ ਸੈਂਟਰ (13750 88 ਐਵੀਨਿਊ) ਸਰੀ ਵਿਖੇ ਸ਼ਾਮ 3.30 ਵਜੇ ਤੋਂ ਸ਼ਾਮ 7 ਵਜੇ ਤੱਕ ਕਰਵਾਈ ਜਾ ਰਹੀ ਹੈ। ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਦੱਸਿਆ ਕਿ ਇਸ ਸ਼ਾਇਰਾਨਾ ਸ਼ਾਮ ਵਿੱਚ ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਪ੍ਰਸਿੱਧ ਸ਼ਾਇਰ ਆਪਣਾ ਕਲਾਮ ਪੇਸ਼ ਕਰਨਗੇ ਜਿਨ੍ਹਾਂ ਵਿਚ ਦਰਸ਼ਨ ਬੁੱਟਰ, ਕੁਲਵਿੰਦਰ, ਤਾਹਿਰਾ ਸਰਾ, ਅਜ਼ੀਮ ਸ਼ੇਖਰ, ਕਰਨਜੀਤ ਸਿੰਘ, ਪਰਤਾਪ ਜਗਰਾਓਂ, ਪਰਮਜੀਤ ਦਿਓਲ, ਜਸਵਿੰਦਰ, ਦਵਿੰਦਰ ਗੌਤਮ, ਰਾਜਵੰਤ ਰਾਜ, ਗੁਰਮੀਤ ਸਿੱਧੂ, ਪ੍ਰੀਤ ਮਨਪ੍ਰੀਤ, ਦਸ਼ਮੇਸ਼ ਗਿੱਲ ਫਿਰੋਜ਼, ਹਰਦਮ ਮਾਨ, ਸੁਖਜੀਤ ਕੌਰ, ਮਨਜੀਤ ਕੰਗ, ਨਰਿੰਦਰ ਭਾਗੀ, ਬਲਦੇਵ ਸੀਹਰਾ, ਇੰਦਰਜੀਤ ਧਾਮੀ ਅਤੇ ਨੂਰ ਬੱਲ ਸ਼ਾਮਲ ਹਨ।




ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦੇਣ ਲਈ ਬੀਤੇ ਦਿਨ ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵੱਖ ਵੱਖ ਕਾਰਜਾਂ ਲਈ ਮੰਚ ਦੇ ਮੈਂਬਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਦਵਿੰਦਰ ਗੌਤਮ ਨੇ ਕਿਹਾ ਕਿ ਮੰਚ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਪਿਛਲੇ 7 ਸਾਲ ਤੋਂ ਇਹ ਪ੍ਰੋਗਰਾਮ ਜਿਸ ਮਕਸਦ ਨਾਲ ਸ਼ੁਰੂ ਕੀਤਾ ਗਿਆ ਸੀ ਉਸ ਨੂੰ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾ ਰਿਹਾ ਹੈ।

ਗ਼ਜ਼ਲ ਮੰਚ ਵੱਲੋਂ ਪੰਜਾਬੀ ਸਾਹਿਤ, ਪੰਜਾਬੀ ਬੋਲੀ ਅਤੇ ਪੰਜਾਬੀ ਸ਼ਾਇਰੀ ਨੂੰ ਪਿਆਰ ਕਰਨ ਵਾਲਿਆਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋ ਕੇ ਖੂਬਸੂਰਤ ਸ਼ਾਇਰੀ ਦਾ ਆਨੰਦ ਮਾਣਨ ਦੀ ਅਪੀਲ ਕੀਤੀ ਗਈ ਹੈ।

## ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ 'ਸੀਨੀਅਰ ਡੇ' ਸ਼ਾਨਦਾਰ ਢੰਗ ਨਾਲ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ



ਸਰੀ, 10 ਅਕਤੂਬਰ : ਸਰੀ-ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵਿਖੇ ਕੈਨੇਡਾ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ 'ਸੀਨੀਅਰ ਡੇ' ਬੜੀ ਸ਼ਾਨ ਤੇ ਆਦਰ ਨਾਲ ਮਨਾਇਆ ਗਿਆ। ਇਸ ਸਮਾਰੋਹ ਵਿੱਚ ਸੈਂਟਰ ਦੇ ਮੈਂਬਰਾਂ ਨੇ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ 'ਤੇ 90 ਸਾਲ ਤੋਂ ਵੱਧ ਉਮਰ ਦੇ 17 ਸੀਨੀਅਰ ਮੈਂਬਰਾਂ ਨੂੰ ਉਨ੍ਹਾਂ ਦੇ ਜੀਵਨ ਦੇ ਯੋਗਦਾਨ ਅਤੇ ਲੰਬੇ ਸਫ਼ਰ ਲਈ ਸਨਮਾਨਿਤ ਕੀਤਾ ਗਿਆ। ਸਨਮਾਨਿਤ ਹਸਤੀਆਂ ਵਿੱਚ ਗਿਆਨ ਕੌਰ ਸੰਘੇੜਾ (100 ਸਾਲ), ਪਰਮਜੀਤ ਕੌਰ ਸਹੋਤਾ, ਬੀਬੀ ਸਰੋਜ, ਗੁਰਮੇਜ ਕੌਰ ਢਿੱਲੋਂ, ਗੁਰਚਰਨ ਸਿੰਘ ਬਰਾੜ, ਮਹਿੰਦਰ ਸਿੰਘ ਧਾਲੀਵਾਲ, ਨਿਰੰਜਨ ਸਿੰਘ ਮਾਨ, ਮਹਿੰਦਰ ਸਿੰਘ ਜਵੰਦਾ, ਕਿਰਪਾਲ ਸਿੰਘ ਪੰਧੇਰ, ਮਲਕੀਤ ਸਿੰਘ ਸੱਗੂ, ਬਿੱਕਰ ਸਿੰਘ ਸਿੱਧੂ, ਰਜਿੰਦਰ ਸਿੰਘ ਬੈਂਸ, ਗੁਰਦੇਵ ਸਿੰਘ ਨਾਹਰਾ, ਅਵਤਾਰ ਸਿੰਘ ਢੰਡਾ, ਗਿਆਨ ਸਿੰਘ ਢੇਸੀ, ਕਾਬਲ ਸਿੰਘ ਸੰਧਾਵਾਲੀਆ ਅਤੇ ਗੁਰਬੰਸ ਸਿੰਘ ਸੰਧੂ ਸ਼ਾਮਲ ਸਨ।

ਸਮਾਰੋਹ ਦੀ ਸ਼ੁਰੂਆਤ ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਪ੍ਰੋਗਰਾਮ ਦੌਰਾਨ ਹਰ ਸਨਮਾਨਿਤ ਮੈਂਬਰ ਦਾ ਤਾਰੁਫ਼ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਸੈਂਟਰ ਦੇ ਡਾਇਰੈਕਟਰਾਂ ਵੱਲੋਂ ਸਨਮਾਨ ਪੱਤਰ ਤੇ ਇਨਾਮ ਭੇਟ ਕੀਤੇ ਗਏ। ਸਨਮਾਨਿਤ ਸੀਨੀਅਰਾਂ ਅਤੇ ਸੁਪਰ ਸੀਨੀਅਰਾਂ ਨੇ ਆਪਣੇ ਜੀਵਨ ਦੇ ਅਨੁਭਵਾਂ, ਸੰਘਰਸ਼ਾਂ ਤੇ ਸਫਲਤਾਵਾਂ ਨੂੰ ਸਾਂਝਾ ਕਰਦੇ ਹੋਏ ਆਪਣੇ ਵਿਚਾਰਾਂ ਰਾਹੀਂ ਹਾਲ ਵਿੱਚ ਬੈਠੇ ਸਰੋਤਿਆਂ ਨੂੰ ਪ੍ਰੇਰਣਾ ਨਾਲ ਭਰ ਦਿੱਤਾ।

ਇਸ ਮੌਕੇ 'ਤੇ ਇੰਦਰਜੀਤ ਕੌਰ ਸੰਧੂ, ਬੀਬੀ ਸਰੋਜ, ਪਵਿੱਤਰ ਕੌਰ ਬਰਾੜ, ਮਲੂਕ ਚੰਦ ਕਲੇਰ, ਹਰਚੰਦ ਸਿੰਘ ਗਿੱਲ, ਡਾ. ਕੁਲਵੰਤ ਸਿੰਘ ਭਾਟੀਆ, ਗੁਰਚਰਨ ਸਿੰਘ ਬਰਾੜ ਅਤੇ ਕਿਰਪਾਲ ਸਿੰਘ ਜੌਹਲ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਸੁਰਜੀਤ ਸਿੰਘ ਮਾਧੋਪੁਰੀ ਨੇ ਮਿੱਠੇ ਸੁਰਾਂ ਵਿੱਚ ਗੀਤ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।

ਅੰਤ ਵਿੱਚ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਸਮਾਰੋਹ ਨੂੰ ਸਫਲ ਬਣਾਉਣ ਲਈ ਸਾਰੇ ਮੈਂਬਰਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਐਲਾਨ ਕੀਤਾ ਕਿ ਹਰ ਸਾਲ ਪਹਿਲੀ ਅਕਤੂਬਰ ਨੂੰ ਸੀਨੀਅਰ ਡੇ ਨਿਯਮਤ ਤੌਰ 'ਤੇ ਮਨਾਇਆ ਜਾਵੇਗਾ, ਤਾਂ ਜੋ ਸੀਨੀਅਰਾਂ ਦੇ ਯੋਗਦਾਨ ਨੂੰ ਹਮੇਸ਼ਾ ਲਈ ਯਾਦ ਰੱਖਿਆ ਜਾ ਸਕੇ। ਸਮਾਰਹੋ ਦੌਰਾਨ ਚਾਹ-ਪਾਣੀ ਦੀ ਸੇਵਾ ਦਰਸ਼ਨ ਸਿੰਘ ਗਰੇਵਾਲ ਵੱਲੋਂ ਆਪਣੇ ਪੋਤੇ ਦੇ ਵਿਆਹ ਦੀ ਖੁਸ਼ੀ ਵਿੱਚ ਨਿਭਾਈ ਗਈ, ਜਦਕਿ ਪਕੌੜਿਆਂ ਦੀ ਸੇਵਾ ਬਲਬੀਰ ਸਿੰਘ ਅਟਵਾਲ ਨੇ ਬੜੀ ਲਗਨ ਨਾਲ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਹਰਚੰਦ ਸਿੰਘ ਗਿੱਲ ਨੇ ਬਾਖੂਬੀ ਕੀਤਾ।

## ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਲਗਾਇਆ ਕੈਂਪ

### ਗਰਭਵਤੀ ਔਰਤਾਂ ਦੀ ਸੁਰੱਖਿਅਤ ਜਣੇਪੇ ਲਈ ਕੀਤੀ ਜਾਂਚ

ਵਰਲਡ ਪੰਜਾਬੀ ਟਾਈਮਜ਼ – ਧਰਮ ਪ੍ਰਵਾਨਾਂ



ਫਰੀਦਕੋਟ 10 ਅਕਤੂਬਰ : ਸਿਵਲ ਸਰਜਨ, ਫਰੀਦਕੋਟ ਡਾ.ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਪਰਮਜੀਤ ਸਿੰਘ ਬਰਾੜ ਸੀਨੀਅਰ ਮੈਡੀਕਲ ਅਫਸਰ ਦੀ ਯੋਗ ਅਗਵਾਈ ਹੇਠ ਸਿਵਲ ਹਸਪਤਾਲ ਫਰੀਦਕੋਟ ਦੇ ਨਵੇਂ ਬਣੇ ਜੱਚਾ-ਬੱਚਾ ਵਿਭਾਗ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ ਤਹਿਤ ਸਿਹਤ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਔਰਤ ਰੋਗਾਂ ਦੇ ਮਾਹਰ ਮੈਡੀਕਲ ਅਫਸਰ ਡਾ. ਅਮਰਿੰਦਰ ਕੌਰ ਨੇ ਗਰਭਵਤੀ ਔਰਤਾਂ ਦੀ ਸਿਹਤ ਜਾਂਚ ਕੀਤੀ।ਕੈਂਪ ਦੌਰਾਨ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫਸਰ ਡਾ.ਪ੍ਰਭਦੀਪ ਸਿੰਘ ਚਾਵਲਾ, ਸੁਧੀਰ ਧੀਰ, ਲਖਵਿੰਦਰ ਕੈਂਥ ਅਤੇ ਆਰ.ਐਮ.ਐਨ.ਸੀ.ਐਚ ਕੌਂਸਲਰ ਲਵਲੀ ਚਾਵਲਾ ਨੇ ਹਾਜਰ ਗਰਭਵਤੀ ਔਰਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਅਭਿਆਨ ਤਹਿਤ ਹਰ ਮਹੀਨੇ ਦੀ 9 ਅਤੇ 23 ਤਰੀਕ ਨੂੰ ਸਰਕਾਰੀ ਸਿਹਤ ਕੇਂਦਰ ਵਿੱਚ ਗਰਭਵਤੀ ਔਰਤਾਂ ਦੀ ਵਿਸ਼ੇਸ਼ ਜਾਂਚ ਕੀਤੀ ਜਾਂਦੀ ਹੈ, ਉਨ੍ਹਾਂ ਕੇਅਰ ਕੰਪੈਨੀਅਨ ਪ੍ਰੋਗਰਾਮ ਬਾਰੇ ਵਿਸਥਾਰ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਗਰਭ ਅਵੱਸਥਾ ਦੌਰਾਨ ਖਤਰੇ ਦੇ ਚਿੰਨ੍ਹਾਂ ਅਤੇ ਨਿਯਮਿਤ ਜਾਂਚ ਸਬੰਧੀ ਵਿਸਥਾਰ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਜੱਚਾ-ਬੱਚਾ ਦੀ ਸੁਰੱਖਿਆ ਲਈ ਜਣੇਪਾ ਹਮੇਸ਼ਾ ਸਰਕਾਰੀ ਹਸਪਤਾਲ ਵਿੱਚ ਹੀ ਕਰਵਾਉਣਾ ਚਾਹੀਦਾ ਹੈ ਤਾਂ ਜੋ ਜੱਚਾ-ਬੱਚਾ ਦੀ ਮੌਤ ਦਰ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਹਰ ਬੁੱਧਵਾਰ ਮਨਾਏ ਜਾਂਦੇ ਵਿਸ਼ੇਸ਼ ਮਮਤਾ ਦਿਵਸ ਅਤੇ ਗੈਰ-ਸੰਚਾਰੀ ਰੋਗਾਂ ਲਈ ਪਿੰਡਾਂ ਵਿੱਚ ਲਗਾਏ ਜਾ ਰਹੇ ਸਕਰੀਨਿੰਗ ਕੈਂਪਾਂ ਬਾਰੇ ਵੀ ਲੋਕਾਂ ਨੂੰ ਸੁਚੇਤ ਕੀਤਾ। ਉਨਾਂ ਦੱਸਿਆ ਕਿ ਜੱਚਾ-ਬੱਚਾ ਦੀ ਤੰਦਰੁਸਤੀ ਲਈ ਸਿਹਤ ਵਿਭਾਗ ਹਰ ਸੰਭਵ ਉਪਰਾਲੇ ਕਰ ਰਿਹਾ ਹੈ। ਇਸੇ ਤਹਿਤ ਸਿਹਤ ਕੇਂਦਰਾਂ ਤੇ ਗਰਭਵਤੀ ਔਰਤਾਂ ਦੀ ਰਜਿਸਟ੍ਰੇਸ਼ਨ ਤੋਂ ਸੰਸਥਾਗਤ ਜਣੇਪੇ ਦੌਰਾਨ ਨਿਯਮਿਤ ਜਾਂਚ, ਟੀਕਾਕਰਨ ਅਤੇ ਸੰਤੁਲਿਤ ਖੁਰਾਕ ਬਾਰੇ ਜਾਣਕਾਰੀ ਦੇਣ ਅਤੇ ਵਿਭਾਗ ਅਧੀਨ ਮੁਹੱਈਆ ਸਿਹਤ ਸੇਵਾਵਾਂ ਅਤੇ ਸਹੂਲਤਾਂ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਜਾਂਦੀ ਹੈ।

ਉਨਾਂ ਇਸ ਦਿਵਸ ਮੌਕੇ ਪਹੁੰਚੇ ਲੋਕਾਂ ਨੂੰ ਮਾਂ ਦੇ ਦੁੱਧ ਦੀ ਮਹੱਤਤਾ, ਬੱਚਿਆਂ ਦਾ ਸਹੀ ਵਾਧਾ ਤੇ ਵਿਕਾਸ, ਪਰਿਵਾਰ ਨਿਯੋਜਨ ਅਤੇ ਬੇਟੀ ਬਚਾਓ-ਬੇਟੀ ਪੜਾਓ ਸਬੰਧੀ ਵੀ ਵਿਸਥਾਰ ਜਾਣਕਾਰੀ ਸਾਂਝੀ ਕੀਤੀ।ਅੰਤ ਵਿੱਚ ਮਾਸ ਮੀਡੀਆ ਬਰਾਂਚ ਵੱਲੋਂ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਜਾਗਰੂਕਤਾ ਸਮੱਗਰੀ ਵੀ ਤਕਸੀਮ ਕੀਤੀ ਗਈ । ਇਸ ਮੌਕੇ ਸਮਾਜ ਸੇਵੀ ਮੈਡਮ ਮੰਜੂ ਸੁਖੀਜਾ, ਆਸ਼ਾ ਵਰਕਰਾਂ ਅਤੇ ਨਰਸਿੰਗ ਵਿਦਿਆਰਥੀ ਹਾਜਰ ਸਨ।

## ਬਸੰਤ ਮੋਟਰਜ਼ ਵੱਲੋਂ 34ਵੀਂ ਵਰੇਗੰਢ 'ਤੇ ਹੋਣਹਾਰ ਵਿਦਿਆਰਥੀਆਂ ਨੂੰ 34,000 ਡਾਲਰ ਦੇ ਵਜ਼ੀਫੇ ਪ੍ਰਦਾਨ ਕੀਤੇ ਗਏ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ

ਸਰੀ, 10 ਅਕਤੂਬਰ : ਪ੍ਰਸਿੱਧ ਆਟੋਮੋਬਾਈਲ ਕੰਪਨੀ ਬਸੰਤ ਮੋਟਰਜ਼ ਸਰੀ ਵੱਲੋਂ ਆਪਣੀ 34ਵੀਂ ਵਰ੍ਹੇਗੰਢ ਦੇ ਮੌਕੇ 'ਤੇ ਕਰਵਾਏ ਗਏ ਇਕ ਵਿਸ਼ੇਸ਼ ਸਮਾਰੋਹ ਵਿੱਚ 17 ਹੋਣਹਾਰ ਵਿਦਿਆਰਥੀਆਂ ਨੂੰ ਕੁੱਲ 34,000 ਡਾਲਰ ਦੀ ਸਕਾਲਰਸ਼ਿਪ ਪ੍ਰਦਾਨ ਕੀਤੀ ਗਈ। ਇਹ ਸਮਾਗਮ ਬਸੰਤ ਮੋਟਰਜ਼ ਦੇ ਵਿਹੜੇ ਵਿੱਚ ਹੋਇਆ, ਜਿਸ ਵਿੱਚ ਕਈ ਵੈਨਕੂਵਰ ਖੇਤਰ ਦੀਆਂ ਉੱਘੀਆਂ ਹਸਤੀਆਂ ਨੇ ਹਾਜ਼ਰੀ ਭਰੀ।



ਸਕਾਲਰਸ਼ਿਪ ਦੇ ਚੈਕ ਅਤੇ ਮਾਣ ਪੱਤਰ ਵਿਦਿਆਰਥੀਆਂ ਨੂੰ ਸਰੀ ਦੀ ਮੇਅਰ ਬਰੈਂਡਾ ਲੌਕ, ਬੀ.ਸੀ. ਦੇ ਸਿੱਖਿਆ ਮੰਤਰੀ ਜੈਸੀ ਸੁੰਨੜ, ਸਾਬਕਾ ਮੰਤਰੀ ਹੈਰੀ ਬੈਂਸ, ਪ੍ਰੋਫੈਸਰ ਕਸ਼ਮੀਰਾ ਸਿੰਘ, ਡਾ. ਪ੍ਰਗਟ ਸਿੰਘ ਭੁਰਜੀ, ਪ੍ਰਸਿੱਧ ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ, ਕੌਂਸਲਰ ਪ੍ਰਦੀਪ ਕੂਨਰ ਅਤੇ ਹੋਰ ਵਿਅਕਤੀਆਂ ਵੱਲੋਂ ਭੇਟ ਕੀਤੇ ਗਏ। ਇਸ ਮੌਕੇ ਬਸੰਤ ਮੋਟਰਜ਼ ਦੇ ਸੀ.ਈ.ਓ. ਸ. ਬਲਦੇਵ ਸਿੰਘ ਬਾਠ ਨੇ ਦੱਸਿਆ ਕਿ ਕੰਪਨੀ ਹਰ ਸਾਲ ਉਚੇਰੀ ਸਿੱਖਿਆ ਪ੍ਰਾਪਤ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਨੇ ਸਰੀ ਨਿਵਾਸੀਆਂ ਅਤੇ ਸਥਾਨਕ ਭਾਈਚਾਰੇ ਵੱਲੋਂ ਮਿਲ ਰਹੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਭਾਵੇਂ ਦੁਨੀਆ ਭਰ 'ਚ ਆਰਥਿਕ ਮੰਦੀ ਦਾ ਦੌਰ ਚੱਲ ਰਿਹਾ ਹੈ, ਪਰ ਬਸੰਤ ਮੋਟਰਜ਼ ਆਪਣੀ ਸਮਾਜ ਸੇਵਾ ਦੀ ਪਰੰਪਰਾ ਅਤੇ ਨਿਸ਼ਠਾ ਨੂੰ ਜਾਰੀ ਰੱਖਦਿਆਂ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਲਈ ਯੋਗਦਾਨ ਪਾਉਣ ਲਈ ਵਚਨਬੱਧ ਹੈ।

ਉਨ੍ਹਾਂ ਇਸ ਮੌਕੇ 'ਤੇ ਆਪਣੇ ਪਿੰਡ ਹਰਦੋ ਫਰਾਲਾ (ਪੰਜਾਬ) ਦੇ ਸਕੂਲ ਵਿੱਚ ਵੀ ਹੋਣਹਾਰ ਵਿਦਿਆਰਥੀਆਂ ਲਈ ਵਜ਼ੀਫਾ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ। ਸਮਾਰੋਹ ਦੇ ਅੰਤ 'ਤੇ ਉਨ੍ਹਾਂ ਨੇ ਸਮਾਗਮ ਵਿਚ ਸ਼ਾਮਲ ਪ੍ਰਸਿੱਧ ਸ਼ਖ਼ਸੀਅਤਾਂ, ਸਹਿਯੋਗੀਆਂ ਅਤੇ ਮੀਡੀਆ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਇੰਡੋ ਕੈਨੇਡੀਅਨਜ਼ ਸੀਨੀਅਰ ਸੁਸਾਇਟੀ ਵੈਨਕੂਵਰ ਨੇ ਵਰਲਡ ਸੀਨੀਅਰਜ਼ ਡੇ ਅਤੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ

ਵੈਨਕੂਵਰ, 10 ਅਕਤੂਬਰ : ਸਨਸਿਟ ਇੰਡੋ ਕੈਨੇਡੀਅਨਜ਼ ਸੀਨੀਅਰ ਸੁਸਾਇਟੀ ਵੈਨਕੂਵਰ ਵੱਲੋਂ ਬੀਤੇ ਦਿਨੀਂ ਵਰਲਡ ਸੀਨੀਅਰਜ਼ ਡੇ ਅਤੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਗਿਆ।

ਸਮਾਗਮ ਦਾ ਆਰੰਭ ਸੁਰਜੀਤ ਸਿੰਘ ਮਿਨਹਾਸ ਦੇ ਧਾਰਮਿਕ ਸ਼ਬਦ ਨਾਲ ਹੋਇਆ। ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਦੱਸਿਆ ਕਿ ਵਰਲਡ ਸੀਨੀਅਰਜ਼ ਡੇ 1 ਅਕਤੂਬਰ 1991 ਤੋਂ UNO ਦੇ ਇੱਕ ਫੈਸਲੇ ਅਨੁਸਾਰ ਮਨਾਇਆ ਜਾਂਦਾ ਹੈ। ਜਪਾਨ ਵਿੱਚ ਇਹ ਦਿਨ ਸਤੰਬਰ ਮਹੀਨੇ ਦੇ ਤੀਜੇ ਸੋਮਵਾਰ ਨੂੰ ਮਨਾਇਆ ਜਾਂਦਾ ਹੈ। ਭਾਰਤ ਵਿੱਚ ਔਸਤ ਉਮਰ ਲਗਭਗ 65 ਸਾਲ ਮੰਨੀ ਜਾਂਦੀ ਹੈ, ਜਦਕਿ ਜਪਾਨ ਵਿੱਚ ਇਹ 85 ਸਾਲ ਹੈ। ਜਪਾਨ ਵਿੱਚ



100 ਸਾਲ ਤੋਂ ਵੱਧ ਉਮਰ ਵਾਲੇ ਹਜ਼ਾਰਾਂ ਲੋਕ ਹਨ। ਸੰਸਾਰ ਦਾ ਹਰ ਦਸਵਾਂ ਮਨੁੱਖ ਬਜ਼ੁਰਗ ਹੈ ਅਤੇ ਇਹ ਅਬਾਦੀ 1.4% ਦੀ ਦਰ ਨਾਲ ਵਧ ਰਹੀ ਹੈ। ਭਾਰਤ ਵਿੱਚ ਵੀ ਇਹ ਦਰ ਤੇਜ਼ੀ ਨਾਲ ਵਧ ਰਹੀ ਹੈ। ਸਿਹਤ ਸਹੂਲਤਾਂ ਅਤੇ ਜੀਵਨ ਪੱਧਰ ਵਿੱਚ ਆਈ ਤਬਦੀਲੀ ਨੇ ਲੋਕਾਂ ਦੀ ਉਮਰ ਵਿੱਚ ਵਾਧਾ ਕੀਤਾ ਹੈ। ਪਰ ਪਿਛਲੇ ਤਿੰਨ-ਚਾਰ ਦਹਾਕਿਆਂ ਵਿੱਚ ਸਾਡੀ ਜੀਵਨ ਸ਼ੈਲੀ ਅਤੇ ਪਰਿਵਾਰਕ ਰਿਸ਼ਤਿਆਂ ਵਿੱਚ ਅਜਿਹਾ ਵਿਗਾੜ ਆਇਆ ਹੈ ਕਿ ਕਈ ਵਾਰੀ ਬਜ਼ੁਰਗ ਸਾਨੂੰ "ਭਾਰ" ਵਾਂਗ ਲੱਗਣ ਲੱਗ ਪਏ ਹਨ। ਜਦੋਂ ਕਿ ਬਜ਼ੁਰਗਾਂ ਨੂੰ ਪਿਆਰ, ਸਾਥ, ਸਕੂਨ ਅਤੇ ਸੁਰੱਖਿਆ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਮਨੁੱਖ ਉਮਰ ਦੇ ਸਾਲਾਂ ਨਾਲ ਨਹੀਂ, ਸਗੋਂ ਆਪਣੀ ਨੈਤਿਕਤਾ ਅਤੇ ਸੋਚ ਨਾਲ ਬੁੱਢਾ ਹੁੰਦਾ ਹੈ।

ਇਸ ਮੌਕੇ 'ਤੇ ਮੁਖਤਿਆਰ ਸਿੰਘ ਬੋਪਾਰਾਏ (78 ਸਾਲ), ਦਿਨੇਸ਼ ਕੁਮਾਰ ਮਲਹੋਤਰਾ (72 ਸਾਲ), ਸੁਰਜੀਤ ਸਿੰਘ ਭੱਟੀ (80 ਸਾਲ), ਹਰਦਿਆਲ ਸਿੰਘ ਗਿੱਲ (77 ਸਾਲ) ਅਤੇ ਰਾਮ ਧੀਰ (76 ਸਾਲ) ਨੂੰ ਉਹਨਾਂ ਦੇ ਜਨਮ ਦਿਨ ਦੇ ਮੌਕੇ 'ਤੇ ਯਾਦਗਾਰੀ ਤੋਹਫ਼ੇ ਦਿੱਤੇ ਗਏ। ਮਨਜੀਤ ਢਿੱਲੋਂ, ਗੁਰਮੀਤ ਸਿੰਘ ਕਾਲਕਟ, ਅੰਦਰੇਸ ਬਾਜਵਾ, ਗੁਰਪਾਲ ਸਿੰਘ ਪੰਧੇਰ, ਕੁਲਦੀਪ ਸਿੰਘ ਜਗਪਾਲ, ਗੁਰਦਰਸ਼ਨ ਸਿੰਘ ਮਠਾੜੂ ਅਤੇ ਹੋਰ ਕਲਾਕਾਰਾਂ ਨੇ ਗੀਤਾਂ ਤੇ ਕਵਿਤਾਵਾਂ ਰਾਹੀਂ ਮਨੋਰੰਜਨ ਕੀਤਾ। ਦਿਨੇਸ਼ ਕੁਮਾਰ ਮੁਲਹੋਤਰਾ ਨੇ ਮਹਾਤਮਾ ਗਾਂਧੀ ਅਤੇ ਲਾਲ ਬਹਾਦੁਰ ਸ਼ਾਸਤਰੀ ਦੇ ਜਨਮ ਦਿਨ ਦੇ ਮੌਕੇ 'ਤੇ ਉਹਨਾਂ ਨੂੰ ਯਾਦ ਕਰਦਿਆਂ ਦੁਸਹਿਰੇ ਦੇ ਤਿਉਹਾਰ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ। ਗੁਰਦਿੱਤ ਸਿੰਘ ਸੰਧੂ ਅਤੇ ਸੁੱਚਾ ਸਿੰਘ ਕਲੇਰ ਨੇ ਦੇਸ਼-ਵਿਦੇਸ਼ ਦੀਆਂ ਖਬਰਾਂ ਸਾਂਝੀਆਂ ਕੀਤੀਆਂ।

ਅੰਤ ਵਿੱਚ ਸਭਾ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਸਿੱਧੂ ਨੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ਬਾਰੇ ਬੋਲਦਿਆਂ ਕਿਹਾ ਕਿ ਭਗਤ ਸਿੰਘ ਸਿਰਫ਼ ਇਕ ਆਜ਼ਾਦੀ ਸੈਨਾਨੀ ਨਹੀਂ ਸਨ, ਸਗੋਂ ਉਹ ਇਕ ਵਿਚਾਰਵਾਨ ਅਤੇ ਇਨਕਲਾਬੀ ਦਰਸ਼ਨ ਸ਼ਾਸਤਰੀ (Philosopher) ਸਨ, ਜਿਨ੍ਹਾਂ ਦੇ ਵਿਚਾਰ ਅੱਜ ਵੀ ਓਨੇ ਹੀ ਪ੍ਰਸੰਗਿਕ ਹਨ। ਉਹ ਇਕ ਅਜਿਹੇ ਸਮਾਜ ਦੀ ਕਲਪਨਾ ਕਰਦੇ ਸਨ ਜਿਥੇ ਲੁੱਟ-ਖਸੋਟ, ਗਰੀਬੀ, ਬੇਰੋਜ਼ਗਾਰੀ ਅਤੇ ਜਾਤੀਵਾਦ ਦਾ ਅੰਤ ਹੋਵੇ — ਇਕ ਐਸਾ ਸਮਾਜ ਜਿਥੇ ਮਿਹਨਤੀ ਲੋਕਾਂ ਦੀ ਸਰਦਾਰੀ ਹੋਵੇ।

## ਸਰਕਾਰੀ ਸੀ.ਸੈ.ਸਕੂਲ ਪੱਖੀ ਕਲਾਂ ਨੇ ਖੇਡਾਂ 'ਚ ਕੀਤੀਆਂ ਅਹਿਮ ਪ੍ਰਾਪਤੀਆਂ

ਵਰਲਡ ਪੰਜਾਬੀ ਟਾਈਮਜ਼ – ਧਰਮ ਪ੍ਰਵਾਨਾਂ



ਫ਼ਰੀਦਕੋਟ , 10 ਅਕਤੂਬਰ : ਜ਼ਿਲਾ ਸਿੱਖਿਆ ਅਫ਼ਸਰ ਸੈਕੰਡਰੀ ਫ਼ਰੀਦਕੋਟ ਸ਼੍ਰੀਮਤੀ ਨੀਲਮ ਰਾਣੀ ਦੀ ਯੋਗ ਸਰਪ੍ਰਸਤੀ, ਜ਼ਿਲਾ ਖੇਡ ਕੋਆਰਡੀਨੇਟਰ ਸਿੱਖਿਆ ਵਿਭਾਗ ਕੇਵਲ ਕੌਰ ਅਤੇ ਜ਼ਿਲਾ ਟੂਰਨਾਮੈਂਟ ਕਮੇਟੀ ਦੇ ਜਨਰਲ ਸਕੱਤਰ ਨਵਪ੍ਰੀਤ ਸਿੰਘ ਦੀ ਯੋਗ ਅਗਵਾਈ ਹੇਠ ਕਰਵਾਈਆਂ ਜ਼ਿਲਾ ਪੱਧਰੀ ਖੇਡਾਂ 'ਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਖੀਕਲਾਂ ਦੇ ਖਿਡਾਰੀਆਂ ਨੇ ਨੈਸ਼ਨਲ ਐਵਾਰਡੀ ਪ੍ਰਿੰਸੀਪਲ ਗੋਪਾਲ ਕ੍ਰਿਸ਼ਨ ਦੀ ਯੋਗ ਅਗਵਾਈ ਅਤੇ ਡੀ.ਪੀ.ਈ.ਪ੍ਰਭਜੋਤ ਕੌਰ ਅਤੇ ਸਟਾਫ਼ ਮੈਂਬਰਾਂ ਦੀ ਹੱਲਾਸੇਰੀ ਸਦਕਾ ਸ਼ਾਨਦਾਰ ਪ੍ਰਾਪਤੀਆਂ ਕਰਕੇ ਸਕੂਲ, ਅਧਿਆਪਕਾਂ, ਮਾਪਿਆਂ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਸਟੇਟ ਪੱਧਰ ਤੇ ਪੰਜ ਵਿਦਿਆਰਥੀ ਅੰਡਰ-19 'ਚ ਸਿਮਰਨਜੋਤ ਕੌਰ, ਨਵਜੋਤ ਕੌਰ, ਜਸ਼ਨਦੀਪ ਕੌਰ ਨੇ ਸਰਕਲ ਕਬੱਡੀ 'ਚ, ਸਿਮਰਨਜੋਤ ਕੌਰ, ਕਬੱਡੀ ਨੈਸ਼ਨਲ ਸਟਾਈਲ, ਰਮਨਜੋਤ ਨੇ 3000 ਤੁਰਨ ਦੇ ਮੁਕਾਬਲੇ 'ਚ ਭਾਗ ਲੈਣਗੇ। ਇਸੇ ਤਰ੍ਹਾਂ ਜੋਨ ਪੱਧਰ ਤੇ ਲਵਪ੍ਰੀਤ ਸਿੰਘ ਨੇ 100ਮੀਟਰ 'ਚ ਪਹਿਲਾ, ਗੁਲਸ਼ੇਰ ਸਿੰਘ ਨੇ ਨੇ 200ਮੀਟਰ 'ਚ ਪਹਿਲਾ, ਸ਼ਰਨਦੀਪ ਸਿੰਘ ਨੇ 1500ਮੀਟਰ 'ਚ ਦੂਜਾ, 3000 ਮੀਟਰ 'ਚ ਪਹਿਲਾ, ਪ੍ਰੇਮ ਸਿੰਘ ਨੇ 1500 'ਚ ਪਹਿਲਾ, ਨਵਜੋਤ ਕੌਰ ਨੇ ਜੈਵਲਿਨ ਥਰੋਅ 'ਚ ਪਹਿਲਾ, ਜਸ਼ਨਦੀਪ ਕੌਰ ਨੇ ਜੈਵਲਿਨ ਥਰੋਅ 'ਚ ਦੂਜਾ, ਹਰਪ੍ਰੀਤ ਕੌਰ ਨੇ ਲੰਬੀ ਛਾਲ 'ਚ ਦੂਜਾ, 100ਮੀਟਰ 'ਚ ਦੂਜੀ ਪੁਜ਼ੀਸ਼ਨ ਪ੍ਰਾਪਤ ਕੀਤੀ। ਇਸ ਮੌਕੇ ਪ੍ਰਿੰਸੀਪਲ ਗੋਪਾਲ ਕ੍ਰਿਸ਼ਨ ਨੇ ਵਿਸਥਾਰ ਨਾਲ ਖੇਡਾਂ ਦੀ ਮਹੱਤਤਾ ਦੱਸ ਕੇ ਹਰ ਵਿਦਿਆਰਥੀ ਨੂੰ ਕਿਸੇ ਨਾਲ ਕਿਸੇ ਘੱਟੋ-ਘੱਟ ਇੱਕ ਖੇਡ 'ਚ ਭਾਗ ਲੈਣ ਵਾਸਤੇ ਉਤਸ਼ਾਹਿਤ ਕੀਤਾ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਤਗਮੇ ਪਹਿਨਾ ਕੇ ਸਨਮਾਨਿਤ ਕੀਤਾ ਗਿਆ। ਇਸ ਖੇਡ ਸਮਾਗਮ ਦੀ ਸਫ਼ਲਤਾ ਵਾਸਤੇ ਸੁਖਦੇਵ ਸਿੰਘ, ਹਰਦੀਪ ਸਿੰਘ, ਸੁਖਦੀਪ ਸਿੰਘ, ਜੋਹਨ ਸਿੰਘ, ਕੰਵਲਜੀਤ ਸਿੰਘ, ਅੰਜਨਾ ਜੈਨ, ਰਾਜਦੀਪ ਕੌਰ ਅਤੇ ਪਰਮਿੰਦਰ ਕੌਰ ਅਧਿਆਪਕਾਂ ਨੇ ਅਹਿਮ ਭੂਮਿਕਾ ਅਦਾ ਕੀਤੀ।

## ਕਰਵਾ ਚੌਥ / ਮਿੰਨੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ



ਜੱਸੀ ਦੀ ਪਤਨੀ ਹਰ ਸਾਲ ਕਰਵਾ ਚੌਥ ਦਾ ਵਰਤ ਰੱਖਦੀ ਸੀ,ਪਰ ਐਤਕੀਂ ਉਸ ਨੇ ਵਰਤ ਨਹੀਂ ਰੱਖਿਆ ਸੀ। ਜੱਸੀ ਇਸ ਗੱਲ ਤੇ ਹੈਰਾਨ ਵੀ ਸੀ ਤੇ ਪਰੇਸ਼ਾਨ ਵੀ ਸੀ। ਉਸ ਨੇ ਹੌਸਲਾ ਕਰਕੇ ਪੁੱਛ ਹੀ ਲਿਆ,
"ਪੰਮੀ, ਮੈਂ ਤੈਨੂੰ ਹਰ ਸਾਲ ਵਰਤ ਰੱਖਣ ਦਾ ਸਾਰਾ ਸਾਮਾਨ, ਸੂਟ ਤੇ ਚੂੜੀਆਂ ਲੈ ਕੇ ਦਿੰਦਾ ਰਿਹਾਂ। ਫੇਰ ਤੂੰ ਐਤਕੀਂ
ਵਰਤ ਕਿਉਂ ਨ੍ਹੀ ਰੱਖਿਆ?"
" ਦੇਖੋ ਜੀ, ਮੈਂ ਅੱਜ ਤੋਂ ਇਹ ਮਨ ਬਣਾਇਐ ਕਿ ਮੈਂ ਇੱਕ ਦਿਨ ਵਰਤ ਰੱਖ ਕੇ ਤੁਹਾਡੀ ਲੰਬੀ ਉਮਰ ਦੀ ਕਾਮਨਾ ਕਰਨ ਦੀ ਥਾਂ ਹਰ ਰੋਜ਼ ਸਾਰੇ ਪਰਿਵਾਰ ਦੀ
ਚੰਗੀ ਸਿਹਤ ਤੇ ਸੁੱਖ, ਸ਼ਾਂਤੀ ਪ੍ਰਮਾਤਮਾ ਪਾਸੋਂ ਮੰਗਿਆ ਕਰਾਂਗੀ।ਤੁਹਾਨੂੰ ਕੋਈ ਇਤਰਾਜ਼ ਤਾਂ ਨ੍ਹੀ।"
"ਮੈਨੂੰ ਇਤਰਾਜ਼ ਕੀ ਹੋ ਸਕਦਾ? ਮੈਨੂੰ ਤਾਂ ਇਸ ਗੱਲ ਦੀ ਖ਼ੁਸ਼ੀ ਆ ਕਿ ਤੇਰੇ ਵਿਚਾਰਾਂ 'ਚ ਕਿੰਨੀ ਵੱਡੀ ਤਬਦੀਲੀ ਆ ਗਈ ਆ। ਪਰਿਵਾਰ ਦੇ ਇਕ ਜੀਅ ਦੇ ਥਾਂ ਸਾਰੇ ਜੀਆਂ ਨੂੰ ਸਿਹਤਮੰਦ ਤੇ ਖ਼ੁਸ਼ ਦੇਖਣ ਦੀ ਕਾਮਨਾ ਕਰਨੀ ਕੋਈ ਸਾਧਾਰਨ ਗੱਲ ਨ੍ਹੀ।ਮੇਰੇ ਦਿਲ 'ਚ ਪਹਿਲਾਂ ਵੀ ਤੇਰੇ ਲਈ ਬਹੁਤ ਸਤਿਕਾਰ ਸੀ, ਹੁਣ ਇਹ ਹੋਰ ਵੀ ਵੱਧ ਗਿਆ ਆ।"
ਏਨਾ ਕਹਿ ਕੇ ਉਹ ਪੰਮੀ ਵੱਲ ਵੇਖਣ ਲੱਗ ਪਿਆ ਤੇ ਫਿਰ ਉਹ ਦੋਵੇਂ ਜਣੇ ਮੁਸਕਰਾ ਪਏ।

## ਮੇਰਾ ਵਜੂਦ




ਧਰਤ ਤੇ ਜਨਮਿਆਂ ਪੰਜਾਬ ਦੀ ਮੁੱਢੋਂ ਪੰਜਾਬੀ
ਬਚਪਨ ਅੱਥਰਾ, ਜਵਾਨੀ ਅੜਬ ਤੇ ਮੜਕ ਨਵਾਬੀ।

ਭਾਈ ਵੀਰ ਸਿੰਘ,ਸੁਰਜੀਤ ਪਾਤਰ ਲਿਖਾਰੀ ਖਿਤਾਬੀ
ਪੀਲੂ,ਵਾਰਿਸ,ਦਮੋਦਰ,ਹਾਸ਼ਮ ਸ਼ਾਹਸਵਾਰ ਕਲਮ ਇਨਕਲਾਬੀ।।

ਟੋਲਣਾ ਹੈ ਗਰਮੀ ਜੇਕਰ ਖੂਨ ਦੀ ਫਰੋਲ ਵਜੂਦ ਪੰਜਾਬੀ
ਮਾਂ ਬੋਲੀ ਦੇ ਵੈਰੀਆਂ ਦਾ ਚੰਮ ਚੀਰ ਪਾਉ ਤੌੜੀ ਰਕਾਬੀ।

ਮਾਂ ਬੋਲੀ ਦੇ ਜਾਇਆਂ ਦਾ ਨਾ ਬਣ ਬਹੁਤਾਂ ਹਿਸਾਬੀ
ਜੀਉਂਣ ਦੀ ਲੋਚਾ ਛੱਡ ਮੌਤ ਹੱਥ ਦਿੰਦੇ ਜੀਵਨ ਦੀ ਚਾਬੀ।।

ਧੁਰ ਅੰਦਰ ਤਕ ਬੋਲੀ ਦੀ ਫੁੱਟਣ ਕਰੂੰਬਲਾ ਤੇ ਚੜ੍ਹਨ ਬਹਾਰਾਂ
ਬੋਲੀ ਜੇਕਰ ਹੋਵੇ ਪੰਛੀ ਪਿੱਛੇ ਅਣਗਿਣਤ ਪੁੱਤਾਂ ਦੀਆਂ ਡਾਰਾਂ।

ਮਾਂ ਬੋਲੀ ਦੇ ਰਾਖਿਆਂ ਨੂੰ ਮੰਨਜ਼ੂਰ ਨਹੀ ਹਾਰਾਂ
ਸੀ ਨਹੀ ਉਚਰਦੇ ਭਾਵੇ ਲੱਗਣ ਫੱਟ ਤੇ ਪੈਣ ਮਾਰਾਂ।।

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

## ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਭੋਜਨ ਵਿਗਿਆਨੀ ਤੇ ਪੰਜਾਬੀ ਲੇਖਕ ਡਾ. ਫਕੀਰ ਚੰਦ ਸ਼ੁਕਲਾ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ।

### ਵੱਖ ਵੱਖ ਸਾਹਿੱਤਕ ਸੰਸਥਾਵਾਂ ਨੇ ਫੁੱਲ ਮਾਲਾਵਾਂ ਤੇ ਦੋਸ਼ਾਲੇ ਪਹਿਨਾ ਕੇ ਅਲਵਿਦਾ ਕਿਹਾ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 10 ਅਕਤੂਬਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਭੋਜਨ ਤਕਨਾਲੋਜੀ ਵਿਭਾਗ ਦੇ ਸੀਨੀਅਰ ਪ੍ਰੋਫੈਸਰ ਤੇ ਉੱਘੇ ਪੰਜਾਬੀ ਲੇਖਕ ਡਾ. ਫ਼ਕੀਰ ਚੰਦ ਸ਼ੁਕਲਾ ਦਾ ਦੇਹਾਂਤ ਉਦਾਸ ਕਰ ਗਿਆ ਹੈ। ਉਹ ਪੰਜਾਬ ਖੇਤੀ ਯੂਨੀਵਰਸਿਟੀ ਦੇ ਵਿਦਿਆਰਥੀ ਹੁੰਦਿਆਂ ਯੰਗ ਰਾਈਟਰਜ਼ ਅਸੋਸੀਏਸ਼ਨ ਦੇ ਮੋਢੀਆਂ ਵਿੱਚੋਂ ਇੱਕ ਬਣੇ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਜੀਵਨ ਮੈਂਬਰ ਹੋਣ ਕਰਕੇ ਉਹ ਪੰਜਾਬੀ ਭਵਨ ਲੁਧਿਆਣਾ ਦੀਆਂ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਭਾਗ ਲੈਂਦੇ ਸਨ। ਪਿਛਲੇ ਮਹੀਨੇ ਹੀ ਉਨ੍ਹਾਂ ਨੂੰ ਕੌਮੀ ਪੱਧਰ ਤੇ ਸਨਮਾਨ ਮਿਲਿਆ ਸੀ। ਵਿਗਿਆਨਕ ਸਾਹਿੱਤ ਸਿਰਜਣ ਵਿੱਚ ਵੀ ਉਹ ਸਿਰਮੌਰ ਸਨ। ਇਹ ਵਿਚਾਰ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਤੇ ਡਾ. ਸ਼ੁਕਲਾ ਦੇ ਲਗਪਗ 21 ਸਾਲ ਪੀ ਏ ਯੂ ਵਿੱਚ ਸਹਿਕਰਮੀ ਰਹੇ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਅੰਤਿਮ ਸੰਸਕਾਰ ਉਪਰੰਤ ਕਹੇ। ਡਾ. ਸ਼ੁਕਲਾ ਦੀ ਦੇਹ ਨੂੰ ਅਗਨੀ ਉਨ੍ਹਾਂ ਦੇ ਸਪੁੱਤਰ ਅਮਿਤੇਸ਼ ਸ਼ੁਕਲਾ ਨੇ ਵਿਖਾਈ। ਪੰਜਾਬੀ ਸਾਹਿੱਤ ਅਕਾਡਮੀ ਵੱਲੋਂ ਡਾ. ਫ਼ਕੀਰ ਚੰਦ ਸ਼ੁਕਲਾ ਦੀ ਦੇਹ ਤੇ ਦੇਸ਼ਾਲਾ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਦੀ ਅਗਵਾਈ ਵਿੱਚ ਡਾ. ਗੁਰਚਰਨ ਕੌਰ ਕੋਚਰ, ਕੇ ਸਾਧੂ ਸਿੰਘ, ਅਮਰਜੀਤ ਸ਼ੇਰਪੁਰੀ , ਸ. ਮਲਕੀਅਤ ਸਿੰਘ ਔਲਖ ਨੇ ਸਮੂਹ ਮੈਂਬਰਾਂ ਵੱਲੋਂ ਭੇਂਟ ਕੀਤਾ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਦੋਸ਼ਾਲਾ ਪ੍ਰੋ. ਗੁਰਭਜਨ ਸਿੰਘ



ਗਿੱਲ, ਡਾ. ਗੁਰਇਕਬਾਲ ਸਿੰਘ, ਪ੍ਰੋ. ਰਵਿੰਦਰ ਸਿੰਘ ਭੱਠਲ ਤੇ ਡਾ. ਸਰਜੀਤ ਸਿੰਘ ਗਿੱਲ ਨੇ ਭੇਂਟ ਕੀਤਾ।
ਡਾ. ਫ਼ਕੀਰ ਚੰਦ ਸ਼ੁਕਲਾ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ(ਰਜਿ.)ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) , ਪ੍ਰਗਤੀਸ਼ੀਲ ਲੇਖਕ ਸੰਘ, ਸਿਰਜਣਧਾਰਾ, ਬਿਜਲੀ ਬੋਰਡ ਲੇਖਕ ਸਭਾ, ਜਨਵਾਦੀ ਕਵਿਤਾ ਮੰਚ, ਸ਼੍ਰੋਮਣੀ ਪੰਜਾਬੀ ਲਿਖਾਰੀ ਬੋਰਡ(ਰਜਿ.) ਪੰਜਾਬੀ ਲੇਖਕ ਕਲਾਕਾਰ ਸੋਸਾਇਟੀ, ਵਿਸ਼ਵ ਪੰਜਾਬੀ ਸਭਾ ਟੋਰੰਟੋ, ਵਿਸ਼ਵ ਪੰਜਾਬੀ ਕਾਂਗਰਸ(ਰਜਿ.) ਪੀ ਏ ਯੂ ਰੀਟਾਇਰਡ ਟੀਚਰਜ਼ ਅਸੋਸੀਏਸ਼ਨ ਦੇ ਪ੍ਰਤੀਨਿਧਾਂ ਨੇ ਆਪੋ ਆਪਣੀਆਂ ਸੰਸਥਾਵਾਂ ਵੱਲੋਂ ਅਕੀਦਤ ਦੇ ਫੁੱਲ ਭੇਂਟ ਕੀਤੇ।
ਡਾ. ਫ਼ਕੀਰ ਚੰਦ ਸ਼ੁਕਲਾ ਬਾਰੇ ਜਾਣਕਾਰੀ ਦੇਂਦਿਆਂ ਡਾ. ਗੁਰਚਰਨ ਕੌਰ ਕੋਚਰ ਨੇ ਦੱਸਿਆ ਕਿ ਪਿਛਲੇ ਮਹੀਨੇ ਹੀ ਉਨ੍ਹਾਂ ਨੇ ਆਪਣਾ 81ਵਾਂ ਜਨਮ ਦਿਨ ਮਨਾਇਆ ਸੀ। ਡਾ. ਸ਼ੁਕਲਾ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਚ ਲਿਖਣ ਵਾਲੇ ਵਿਗਿਆਨ ਲੇਖਕ ਸਨ ਅਤੇ ਆਪਣੀਆਂ ਬਾਲ ਸਾਹਿਤ ਦੀਆਂ ਲਿਖਤਾਂ ਲਈ ਵੀ ਪ੍ਰਸਿੱਧ ਸਨ। ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਭੋਜਨ ਤਕਨਾਲੋਜੀ ਦੇ ਸੇਵਾਮੁਕਤ ਪ੍ਰੋਫ਼ੈਸਰ ਹੋਣ ਕਾਰਨ ਉਹਨਾਂ ਨੇ ਭੋਜਨ ਅਤੇ ਪੋਸ਼ਣ ਬਾਰੇ ਨਿਕੀਆਂ ਕਹਾਣੀਆਂ, ਨਾਟਕ ਅਤੇ ਬਾਲ ਸਾਹਿਤ ਦੀਆਂ 30 ਕਿਤਾਬਾਂ ਲਿਖੀਆਂ। ਦੇ ਇਲਾਵਾ ਅੰਗਰੇਜ਼ੀ, ਇਸ ਦੇ ਇਲਾਵਾ ਉਨ੍ਹਾਂ ਹਿੰਦੀ ਅਤੇ ਪੰਜਾਬੀ ਵਿੱਚ ਭੋਜਨ ਅਤੇ ਪੋਸ਼ਣ ਬਾਰੇ 400 ਤੋਂ ਵੱਧ ਲੇਖ ਲਿਖੇ।
ਡਾ. ਸ਼ੁਕਲਾ ਦੀਆਂ ਪੁਸਤਕਾਂ ਬਾਰੇ ਜਾਣਕਾਰੀ ਦੇਂਦਿਆਂ ਉਨ੍ਹਾਂ ਦੇ ਨਿਕਟਵਰਤੀ ਸਨੇਹੀ ਪ੍ਰਭਕਿਰਨ ਸਿੰਘ ਤੂਫ਼ਾਨ ਨੇ ਦੱਸਿਆ ਕਿ ਡਾ. ਫ਼ਕੀਰ ਚੰਦ ਸ਼ੁਕਲਾ ਜੀ ਨੇ
ਪੰਖ ਕਟੀ ਗੌਰਈਆ (ਨਾਵਲ),
ਅਲੱਗ ਅਲੱਗ ਸੰਦਰਭ (ਨਾਵਲ),
.ਕੈਸੇ ਲੱਗੇ ਮਨ (ਨਾਵਲ),ਬੰਦ ਖਿੜਕੀਓਂ ਵਾਲਾ ਮਨ (ਨਿਕੀਆਂ ਕਹਾਣੀਆਂ),ਵਿਸ਼ਪਾਨ (ਨਿਕੀਆਂ ਕਹਾਣੀਆਂ)ਜੋਤ ਸੇ ਜੋਤ ਜਲੇ (ਨਾਟਕ)ਅੰਧੇਰੀ ਸੁਰੰਗ (ਨਾਟਕ)
ਪੇੜਾਂ ਕੇ ਬੀਜ (ਨਾਟਕ)ਨਈ ਸੁਬਹ (ਕਹਾਣੀਆਂ) ਤੋਂ ਇਲਾਵਾ ਕੁਝ ਨਾਟਕ ਵੀ ਲਿਖੇ ਜਿੰਨ੍ਹਾਂ ਵਿੱਚੋਂ
ਡਾਕਟਰ ਬੀਜੀ ਅਤੇ ਹੋਰ ਵਿਗਿਆਨਕ ਬਾਲ ਨਾਟਕ,ਗਰਮਾ ਗਰਮ ਪਕੌੜੇ, ਹੈਪੀ ਬਰਡੇ ਅਤੇ
ਜਦੋ ਰੋਸ਼ਨੀ ਹੋਈ ਮਸ਼ਹੂਰ ਹਨ। ਰੇਡੀਓ ਤੇ ਟੀ ਵੀ ਨੇ ਉਨ੍ਹਾਂ ਦੇ ਕਈ ਨਾਟਕਾਂ ਨੂੰ ਲੜੀਵਾਰ ਪੇਸ਼ ਕੀਤਾ।
ਡਾ. ਫ਼ਕੀਰ ਚੰਦ ਸ਼ੁਕਲਾ ਦੇ ਅੰਤਿਮ ਸੰਸਕਾਰ ਮੌਕੇ ਤ੍ਰੈਲੋਚਨ ਲੋਚੀ, ਮਨਜਿੰਦਰ ਧਨੋਆ, ਸਹਿਜਪ੍ਰੀਤ ਸਿੰਘ ਮਾਂਗਟ, ਡਾ. ਜ਼ੋਰਾ ਸਿੰਘ ਬਰਾੜ, ਡਾ. ਹਰਦੀਪ ਸਿੰਘ ਸੁਰ, ਡਾ. ਵੀ ਕੇ ਦਿਲਾਵਰੀ, ਡਾ. ਰਮੇਸ਼ ਸਦਾਵਰਤੀ, ਡਾ. ਨਾਨਕ ਸਿੰਘ, ਹਰਿੰਦਰ ਸਿੰਘ ਭੁੱਲਰ, ਡਿਪਟੀ ਡਾਇਰੈਕਟਰ ਸਪੋਰਟਸ, ਅਨਿਲ ਦੱਤ, ਡਾ. ਬਲਬੀਰ ਸਿੰਘ ਸਿੱਧੂ, ਸਾਬਕਾ ਡਾਇਰੈਕਟਰ ਐਗਰੀਕਲਚਰ , ਚਰਨ ਸਿੰਘ ਪੀ ਏ ਯੂ, ਬਲਦੇਵ ਸਿੰਘ ਪੰਜਾਬ ਐਂਡ ਸਿੰਧ ਬੈਂਕ ਸਮੇਤ ਹਜ਼ਾਰਾਂ ਸ਼ੁਭ ਚਿੰਤਕਾਂ ਨੇ ਡਾ. ਸ਼ੁਕਲਾ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ।

## ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ ਡਿਵੀਜ਼ਨਲ ਦਫ਼ਤਰ, ਸ੍ਰੀਨਗਰ ਵਲੋਂ ਪਹਿਲੀ ਵਾਰ ਤਰਬੋਨੀ (ਕਰਨਾਹ, ਕੁਪਵਾਰਾ) ਵਿਖੇ ਪੰਜਾਬੀ ਕਵੀ ਦਰਬਾਰ ਅਤੇ ਸ਼ਬਦ ਕੀਰਤਨ ਦਾ ਆਯੋਜਨ: ਸਮੇਂ ਦੀ ਵੱਡੀ ਲੋੜ – ਪੋਪਿੰਦਰ ਸਿੰਘ ਪਾਰਸ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਜੰਮੂ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ (JKAACL) ਵਲੋਂ ਅੱਜ ਗੁਰਦੁਆਰਾ ਸਾਹਿਬ, ਪਿੰਡ ਤਰਬੋਨੀ (ਤਹਿਸੀਲ ਕਰਨਾਹ, ਜ਼ਿਲ੍ਹਾ ਕੁਪਵਾਰਾ) ਵਿੱਚ ਪੰਜਾਬੀ ਕਵੀ ਦਰਬਾਰ ਅਤੇ ਸ਼ਬਦ ਕੀਰਤਨ ਦਾ ਆਯੋਜਨ ਕੀਤਾ ਗਿਆ, ਜੋ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ੩੫੦ਵੀਂ ਸ਼ਹੀਦੀ ਜ਼ੋਰ ਦੇ ਤੌਰ 'ਤੇ ਸਮਰਪਿਤ ਸੀ।
ਇਸ ਸਮਾਗਮ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਆਤਮਿਕ ਅਨੰਦ ਪ੍ਰਾਪਤ ਕੀਤਾ।

ਕਾਰਜਕ੍ਰਮ ਦੀ ਸ਼ੁਰੂਆਤ ਪ੍ਰਸਿੱਧ ਰਾਗੀ ਭਾਈ ਦੀਦਾਰ ਸਿੰਘ ਅਤੇ ਉਨ੍ਹਾਂ ਦੀ ਟੀਮ ਵਲੋਂ ਗੁਰਬਾਣੀ ਸ਼ਬਦ ਕੀਰਤਨ ਨਾਲ ਹੋਈ। ਉਨ੍ਹਾਂ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਸ਼ਬਦ ਗਾਏ ਜਿਨ੍ਹਾਂ ਨਾਲ ਸਮੂਹ ਸੰਗਤ ਆਤਮਿਕ ਰੂਪ ਵਿੱਚ ਪ੍ਰੇਰਿਤ ਹੋਈ। ਇਸ ਮੌਕੇ ਤੇ ਪਿੰਡ ਦੇ ਵੱਡੇ, ਔਰਤਾਂ ਅਤੇ ਬੱਚਿਆਂ ਵਲੋਂ ਭਰਪੂਰ ਹਿੱਸੇਦਾਰੀ ਰਹੀ।

ਗੁਰਦੁਆਰਾ ਸਿੰਘ ਸਭਾ ਤਰਬੋਨੀ ਦੇ ਪ੍ਰਧਾਨ ਸ. ਕਰਣ ਸਿੰਘ ਨੇ ਅਕੈਡਮੀ ਦੇ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਅਕੈਡਮੀ ਵਲੋਂ ਸਰਹੱਦੀ ਅਤੇ ਦੂਰਦਰਾਜ ਇਲਾਕਿਆਂ ਵਿੱਚ ਪੰਜਾਬੀ ਅਦਬ ਅਤੇ ਆਧਿਆਤਮਿਕ ਪ੍ਰੋਗਰਾਮ





ਕਰਨਾ ਇਕ ਵੱਡਾ ਕਦਮ ਹੈ। ਉਨ੍ਹਾਂ ਨੇ ਜੇ.ਕੇ.ਏ.ਏ.ਸੀ.ਐਲ. ਦੀ ਪੰਜਾਬੀ ਭਾਸ਼ਾ ਅਤੇ ਸਿੱਖ ਆਤਮਿਕ ਵਿਰਾਸਤ ਨੂੰ ਜਗਾਉਣ ਦੀ ਲਗਨ ਦੀ ਸ਼ਲਾਘਾ ਕੀਤੀ।

ਪਿੰਡ ਦੇ ਨੌਜਵਾਨ ਬੱਚਿਆਂ — ਮਨਜੋਤ ਕੌਰ, ਕਿਰਤਜੋਤ ਸਿੰਘ, ਅੰਜੀਤਪਾਲ ਸਿੰਘ, ਨਵਜੋਤ ਕੌਰ, ਗੁਰਮੇਸ਼ ਸਿੰਘ, ਹਰਮੋਹਿੰਦਰ ਸਿੰਘ ਅਤੇ ਵਰੀਂਦਰਪਾਲ ਕੌਰ — ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਜੀਵਨ ਸ਼ਹੀਦੀ ਤੇ ਆਧਾਰਿਤ ਕਵਿਤਾਵਾਂ ਪੇਸ਼ ਕੀਤੀਆਂ ਜਿਨ੍ਹਾਂ ਨੂੰ ਦਰਸ਼ਕਾਂ ਵਲੋਂ ਖ਼ੂਬ ਤਾਲੀਆਂ ਮਿਲੀਆਂ।

ਸ. ਪੋਪਿੰਦਰ ਸਿੰਘ ਪਾਰਸ, ਸੀਨੀਅਰ ਐਡੀਟਰ ਸ਼ੀਰਾਜ਼ਾ ਪੰਜਾਬੀ ਨੇ ਆਪਣੇ ਸੰਬੋਧਨ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਤੇ ਦਰਸ਼ਨ ਦੀ ਵਿਸਥਾਰ ਨਾਲ ਚਰਚਾ ਕੀਤੀ ਅਤੇ ਦੱਸਿਆ ਕਿ ਜੇ.ਕੇ.ਏ.ਏ.ਸੀ.ਐਲ. ਵਲੋਂ ਘਾਟੀ ਦੇ ਦੂਰਦਰਾਜ਼ ਸਰਹੱਦੀ ਇਲਾਕਿਆਂ ਵਿੱਚ ਪੰਜਾਬੀ ਸਮੁਦਾਇ ਤੱਕ ਪਹੁੰਚ ਕਰਨ ਲਈ ਸਤਤ ਯਤਨ ਕੀਤੇ ਜਾ ਰਹੇ ਹਨ।

ਇਸ ਮੌਕੇ ਪਿੰਡ ਦੇ ਬਜ਼ੁਰਗ ਸ. ਜੋਗਿੰਦਰ ਸਿੰਘ, ਸ. ਸਾਧੂ ਸਿੰਘ ਅਤੇ ਸ. ਦਲੀਪ ਸਿੰਘ ਨੇ ਵੀ ਵਿਚਾਰ ਪ੍ਰਗਟ ਕੀਤੇ ਅਤੇ ਨੌਜਵਾਨ ਪੀੜ੍ਹੀ ਨੂੰ ਅਦਬ ਅਤੇ ਗੁਰਮਤਿ ਸ਼ਬਦ ਕੀਰਤਨ ਵੱਲ ਪ੍ਰੇਰਿਤ ਕਰਨ ਲਈ ਅਕੈਡਮੀ ਦਾ ਧੰਨਵਾਦ ਕੀਤਾ।

ਪ੍ਰੋਗਰਾਮ ਦੀ ਸੁਚਾਰੂ ਸਾਂਭ ਸ. ਮੋਹਿੰਦਰ ਸਿੰਘ, ਸਕੱਤਰ ਗੁਰਦੁਆਰਾ ਸਿੰਘ ਸਭਾ ਤਰਬੋਨੀ ਨੇ ਕੀਤੀ। ਅੰਤ ਵਿੱਚ ਸ. ਕਰਣ ਸਿੰਘ, ਪ੍ਰਧਾਨ ਗੁਰਦੁਆਰਾ ਸਿੰਘ ਸਭਾ ਤਰਬੋਨੀ ਨੇ ਧੰਨਵਾਦ ਪ੍ਰਸਤੁਤ ਕੀਤਾ ਅਤੇ ਅਕੈਡਮੀ ਵਲੋਂ ਪੰਜਾਬੀ ਸੱਭਿਆਚਾਰ ਅਤੇ ਆਧਿਆਤਮਿਕ ਮੁੱਲਾਂ ਨੂੰ ਉਭਾਰਨ ਵਾਲੇ ਉਪਰਾਲਿਆਂ ਲਈ ਕਦਰ ਪ੍ਰਗਟਾਈ।
ਅਕੈਡਮੀ ਵਲੋਂ ਸ. ਤ੍ਰਿਲੋਕ ਸਿੰਘ ਨੇ ਪ੍ਰੋਗਰਾਮ ਦੀ ਸਫਲਤਾ ਲਈ ਪੂਰਾ ਸਹਿਯੋਗ ਦਿੱਤਾ।

## ਰਾਜਵੀਰ ਜਵੰਧਾ



ਤੁਰ ਗਿਆ ਅੱਜ ਯਾਰ ਜਵੰਧਾ
ਛੱਡਕੇ ਇਹ ਸੰਸਾਰ ਜਵੰਧਾ

ਹੱਸ ਹੱਸਕੇ ਸੀ ਗੱਲਾਂ ਕਰਦਾ
ਖਿੜੀ ਫੁੱਲਾਂ ਦੀ ਗੁਲਜ਼ਾਰ ਜਵੰਧਾ

ਸੋਣੇਂ ਤੋਂ ਵੀ ਸੀ ਵੱਧ੍ਹ ਚਮਕਦਾ
ਹਿਰਿਆਂ ਦਾ ਸੀ ਹਾਰ ਜਵੰਧਾ

ਥੋੜੇ ਚਿਰ ਵਿੱਚ ਬੜਾ ਸੋਹਣਾਂ ਗਾਕੇ
ਗੀਤਾਂ ਨੂੰ ਲਾ ਗਿਆ ਚੰਨ ਚਾਰ ਜਵੰਧਾ

ਬਾਬਲ਼ ਤੇਰੀ ਪੱਗ ਵੇ ਉੱਚੀ ਗਾਕੇ
ਕਰ ਗਿਆ ਧੀਆਂ ਦਾ ਸਤਿਕਾਰ ਜਵੰਧਾ

ਤੇਰਾ ਨਾ ਸਕੂਨ ਰੱਖ ਦੇਵਾਂ ਕਹਿਕੇ
ਭਰ ਗਿਆ ਹੰਝੂਆਂ ਵਿੱਚ ਖਾਰ ਜਵੰਧਾ

ਜਿਸ ਥਾਂ ਤੋਂ ਨੀ ਕੋਈ ਮੁੜਦਾ ਜਾਕੇ
ਉਸ ਥਾਂ ਗਿਆ ਉਡਾਰੀ ਮਾਰ ਜਵੰਧਾ

ਸਿੱਧੂ, ਖੜ੍ਹਾ ਰਹਿ ਗਿਆ ਮੋੜ ਦੇ ਉੱਤੇ
ਖਿੱਚ ਗਿਆ ਪੂਰੀ ਰਫ਼ਤਾਰ ਜਵੰਧਾ

ਕੰਨਾਂ ਵਿੱਚ ਸੀ ਰਸ ਘੋਲ਼ੀ ਜਾਂਦਾ
ਦਿਲਦਾਰਾਂ ਦਾ ਦਿਲਦਾਰ ਜਵੰਧਾ

ਪੁੱਤ ਮਰੇ ਨਾ ਭੁੱਲਦੀਆਂ ਮਾਵਾਂ ਗਾਕੇ
ਗਿਆ ਅੱਗ ਸਿਵਿਆਂ ਦੀ ਠਾਰ ਜਵੰਧਾ

ਜ਼ਿੰਦਗੀ ਦੀ ਜੰਗ ਲੜਦਾ ਹੋਇਆ
ਗਿਆ ਮੌਤ ਦੇ ਹੱਥੋਂ ਹਾਰ ਜਵੰਧਾ

ਮੀਤੇ, ਮਾਲ਼ਾ ਵਿੱਚੋਂ ਇੱਕ ਮੋਤੀ ਟੁੱਟਿਆ
ਗਿਆ ਮਾਲ਼ਾ ਤਾਈਂ ਖਿਲਾਰ ਜਵੰਧਾ

ਨਦੀ ਦੇ ਵਾਂਗੂੰ ਸੀ ਵਹਿਨ ਓਸਦਾ
ਨਿਰੀ ਦੁੱਧਾਂ ਦੀ ਸੀ ਧਾਰ ਜਵੰਧਾ

ਸੋਹਣੀ ਦਿੱਖ ਦਾ ਮਾਲਕ ਸੀ ਉ
ਸੀ ਟੁਣਕੇ ਦੀ ਟੁਣਕਾਰ ਜਵੰਧਾ

ਤੁਰ ਗਿਆ ਅੱਜ ਯਾਰ ਜਵੰਧਾ
ਛੱਡਕੇ ਇਹ ਸੰਸਾਰ ਜਵੰਧਾ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ